# ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਮੋਜੂਦਾ ਸਰਕਾਰ ਵੱਲੋਂ ਨਗਰ ਨਿਗਮ ਹੁਸ਼ਿਆਰਪੁਰ ਦੀ ਅਣਦੇਖੀ ਕਰਨ ਦੇ ਖਿਲਾਫ ਆਕਾਲੀ ਭਾਜਪਾ ਕੋਂਸਲਰਾਂ ਨੇ ਕੀਤੀ ਮੀਟਿੰਗ।

## ਨਗਰ ਨਿਗਮ ਦੇ ਹਾਲਾਤ ਨਾ ਸੁਧਰੇ ਤਾਂ ਅਕਾਲੀ ਭਾਜਪਾ ਕੋਂਸਲਰ ਕਰਨਗੇ ਜਬਰਦਸਤ ਪ੍ਰੋਟੈਸਟ।

ਹੁਸ਼ਿਆਰਪੁਰ 26 ਜੁਲਾਈ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਦੀ ਅਗਵਾਈ ਵਿੱਚ ਸਮੂਹ ਅਕਾਲੀ ਭਾਜਪਾ ਕੋਂਸਲਰ ਨੇ ਮੀਟਿੰਗ ਕਰਦੇ ਹੋਏ ਦਸਿੱਆ ਕਿ ਨਗਰ ਨਿਗਮ ਹੁਸ਼ਿਆਰਪੁਰ ਦੀ ਹਾਊਸ ਦੀ ਮੀਟਿੰਗ ਕਮਿਸ਼ਨਰ ਦੀ ਆਸਾਮੀ ਖਾਲੀ ਹੋਣ ਕਰਕੇ ਮੁਲਤਵੀ ਕਰਨੀ ਪਈ ਜਿਸ ਕਾਰਨ ਸਮੂਹ ਕੋਂਸਲਰਾਂ ਨੇ ਰੋਸ ਪ੍ਰਗਟ ਕੀਤਾ।ਉਹਨ੍ਹਾਂ ਨੇ ਦਸਿੱਆ ਕਿ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਨੂੰ ਬਿਲਕੁਲ ਲਾਵਾਰਿਸ ਕਰ ਦਿੱਤਾ ਗਿਆ ਹੈ ਕਿਉਕਿ ਇਸ ਸਮੇਂ ਤੇ ਕਮਿਸ਼ਨਰ ਅਤੇ ਕਾਰਜ ਸਾਧਕ ਅਫਸਰ ਦੋਨੋ ਆਸਾਮੀਆਂ ਖਾਲੀ ਹਨ ਜਿਸ ਕਾਰਨ ਨਗਰ ਨਿਗਮ ਦੇ ਸਾਰੇ ਕੰਮ ਠੱਪ ਹੋ ਗਏ ਹਨ ਇਸ ਦੇ ਸਿੱਟੇ ਵਜੋਂ ਜਨਤਾ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹਨਾ ਦਾ ਕੋਈ ਵੀ ਕੰਮ ਨਗਰ ਨਿਗਮ ਦੇ ਦਫਤਰ ਵਿਖੇ ਨਹੀ ਹੋ ਰਿਹਾ ਹੈ।ਸ਼ਹਿਰ ਨਿਵਾਸੀਆਂ ਨੂੰ ਛੋਟੇ ਮੋਟੇ ਕੰਮ ਕਰਵਾਉਣ ਲਈ ਵੀ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ।ਇਸ ਤੋਂ ਇਲਾਵਾ ਮੋਜੂਦਾ ਸਰਕਾਰ ਵੱਲੋਂ ਪਿਛਲੀ ਸਰਕਾਰ ਦੇ ਸਮੇਂ ਸ਼ੁਰੂ ਕੀਤੇ ਗਏ ਸਾਰੇ ਫੰਡਾਂ ਦੀ ਅਦਾਇਗੀ ਤੇ ਰੋਕ ਲਗਾ ਕੇ ਫੰਡ ਵਾਪਸ ਮੰਗਾ ਲਏ ਹਨ। ਜਿਸ ਕਾਰਨ ਲੋਕਾਂ ਨੂੰ ਮੁੱਢਲੀਆਂ ਸ਼ਹਿਰੀ ਸਹੂਲਤਾ ਤੋਂ ਵਾਂਝੇ ਰਹਿਣਾ ਪਵੇਗਾ ਅਤੇ ਅਧੂਰੇ ਪਏ ਵਿਕਾਸ ਦੇ ਕੰਮ ਅਣ ਮਿੱਥੇ ਸਮੇਂ ਤੱਕ ਲੋਕਾਂ ਦੀ ਸਿਰ ਦਰਦੀ ਦਾ ਕਾਰਨ ਬਨਣਗੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਅਤੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਦਸਿੱਆ ਕਿ ਕੋਂਸਲਰਾਂ ਦੇ ਰੋਸ ਨੂੰ ਵੇਖਦੇ ਹੋਏ ਸਰਕਾਰ ਪਾਸ ਇਹ ਮੰਗ ਰੱਖੀ ਗਈ ਹੈ ਕਿ ਕਮਿਸ਼ਨਰ ਨਗਰ ਨਿਗਮ ਅਤੇ ਕਾਰਜ ਸਾਧਕ ਅਫਸਰ ਦੇ ਖਾਲੀ ਪਏ ਪੱਦ ਤੁਰੰਤ ਭਰੇ ਜਾਣ ਅਤੇ ਵਿਕਾਸ ਦੇ ਕੰਮਾਂ ਦੀ ਪੂਰੀ ਰਾਸ਼ੀ ਜਾਰੀ ਕੀਤੀ ਜਾਵੇ ਵਰਨਾ ਸਮੂਹ ਅਕਾਲੀ ਭਾਜਪਾ ਕੋਂਸਲਰ ਸਰਕਾਰ ਦੇ ਖਿਲਾਫ ਜਬਰਦਸੱਤ ਪ੍ਰੋਟੈਸਟ ਕਰਨ ਲਈ ਮੰਜਬੂਰ ਹੋਣਗੇ। ਮੇਅਰ ਨੇ ਇਹ ਵੀ ਸਪਸ਼ਟ ਕੀਤਾ ਕਿ ਕਮਿਸ਼ਨਰ ਅਤੇ ਕਾਰਜ ਸਾਧਕ ਅਫਸਰ ਦੀ ਆਸਾਮੀ ਨੂੰ ਭਰਨਾ ਸੂਬੇ ਦੀ ਸਰਕਾਰ ਦਾ ਫਰਜ ਹੁੰਦਾ ਹੈ। ਉਹਨ੍ਹਾਂ ਨੇ ਆਖਿਆ ਕਿ ਅਕਾਲੀ ਭਾਜਪਾ ਸਰਕਾਰ ਦੇ ਸਮੇਂ ਕਦੇ ਵੀ ਇਸ ਤਰ੍ਹਾ ਦੀ ਔਕੜ ਦਾ ਸਾਹਮਣਾ ਨਹੀ ਕਰਨਾ ਪਿਆ ਅਤੇ ਸਰਕਾਰ ਵੱਲੋਂ ਇਹਨ੍ਹਾਂ ਪੋਸਟਾਂ ਨੂੰ ਖਾਲੀ ਰਖੱਣ ਅਤੇ ਵਿਕਾਸ ਦੇ ਫੰਡ ਵਾਪਸ ਲੈਣਾ ਭਾਰੀ ਚਿੰਤਾਂ ਦਾ ਵਿਸ਼ਾ ਹੈ।

ਡਿਪਟੀ ਮੇਅਰ ਸ਼ੁਕਲਾ ਸ਼ਰਮਾ, ਸ਼੍ਰੀਮਤੀ ਰਕੇਸ਼ ਸੂਦ, ਸ਼੍ਰੀਮਤੀ ਨੀਤੀ ਸਿੰਘ, ਰਣਜੀਤ ਚੋਧਰੀ, ਮੀਨੂੰ ਸੇਠੀ, ਨਰਿੰਦਰ ਕੋਰ, ਰੀਨਾ, ਪ੍ਰਿਆ, ਗੁਰਪ੍ਰੀਤ ਕੋਰ, ਕਵਿਤਾ ਪਰਮਾਰ, ਸਵਿਤਾ ਸੂਦ, ਸੁਨੀਤਾ ਦੂਆ, ਸੁਰੇਖਾ ਬਰਜਾਤਾ, ਕੁਲਵੰਤ ਸਿੰਘ ਸੈਣੀ, ਮਲਕੀਤ ਸਿੰਘ, ਨਿਪੁਨ ਸ਼ਰਮਾ, ਸੁਰੇਸ਼ ਕੁਮਾਰ ਭਾਟੀਆ, ਸਰਬਜੀਤ ਸਿੰਘ, ਮਨਜੀਤ ਸਿੰਘ ਰਾਏ, ਬਿਕਰਮਜੀਤ ਸਿੰਘ ਕਲਸੀ, ਰੂਪ ਲਾਲ ਥਾਪਰ, ਸੰਤੋਖ ਸਿੰਘ ਔਜਲਾ, ਨਰਿੰਦਰ ਸਿੰਘ, ਵੀ ਇਸ ਮੀਟਿੰਗ ਵਿੱਚ ਹਾਜਰ ਸਨ।